**ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ,**

**ਫੇਸ - VIII, ਵਿੱਦਿਆ ਭਵਨ, 7ਵੀ ਮੰਜਿਲ, ਈ- ਬਲਾਕ, ਐਸ. ਏ. ਐਸ. ਨਗਰ (ਮੋਹਾਲੀ)**

**(ਫੋਨ ਨੰਬਰ : 0172-2215197, ਫੈਕਸ ਨੰਬਰ : 0172-2215854)**

ਵੱਲ

ਪੰਜਾਬ ਰਾਜ ਦੇ ਸਾਰੇ ਸਕੂਲ (ਆਖਰੀ ਯਾਦ ਪੱਤਰ, ਤੁਰੰਤ, ਅੱਜ ਹੀ)

ਨੰ: 6 ਐਮ.ਈ.3-ਪੰ:-2015/ 12561

ਮਿਤੀ ਮੋਹਾਲੀ : 20/07/15

**ਵਿਸ਼ਾ :-** **ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ ਸਕੀਮ ਅਧੀਨ ਕਲੇਮਾਂ ਦੀ ਬਕਾਇਆ ਰਹਿੰਦੀ ਰਾਸ਼ੀ ਸਬੰਧੀ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਪਾਸੋ ਬਿਆਨ ਹਲਫੀਆ/ਅੰਡਰ ਟੇਕਿੰਗ ਲੈਣ ਸਬੰਧੀ ਸਾਲ 2014-15**

ਉਕਤ ਵਿਸ਼ੇ ਦੇ ਸਬੰਧ ਅਤੇ ਪਹਿਲਾਂ ਭੇਜੇ ਪੱਤਰਾਂ ਦੀ ਲਗਾਤਾਰਤਾ ਵਿੱਚ। ਇਸ ਦਾ ਜਵਾਬ ਈ-ਮੇਲ ਰਾਹੀ ਨਾ ਦਿੱਤਾ ਜਾਵੇ ਕੇਵਲ ਰਜਿਸਟਰਡ ਡਾਕ ਜਾਂ ਹੱਥ ਦਸਤੀ।

ਇਸ ਦਫ਼ਤਰ ਤੋ ਭਲਾਈ ਵਿਭਾਗ ਜੀ ਵੱਲੋ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਪਾਸੋ ਹੇਠਾਂ ਦਰਸਾਈ ਸੂਚਨਾਂ ਮੰਗੀ ਗਈ ਸੀ ਪਰ ਕਈ ਕਾਲਜਾ/ਸਕੂਲਾ ਵੱਲੋ ਮੰਗੀ ਸੂਚਨਾਂ ਹਾਲੇ ਤੱਕ ਨਹੀ ਭੇਜੀ ਜਿਸ ਕਾਰਨ ਰਿਕਾਰਡ ਨੂੰ ਕੰਨਸੋਲੀਡੇਟਿਡ ਕਰਨ ਵਿੱਚ ਦਿਕਤ ਆ ਰਹੀ ਹੈ। ਹੇਠਾਂ ਦਰਸਾਈ ਸੂਚਨਾਂ ਹਲਫੀਆ ਬਿਆਨ/ਅੰਡਰ ਟੇਕਿੰਗ ਦੇ ਰੂਪ ਵਿੱਚ ਹੱਥ ਦੱਸਤੀ ਜਾਂ ਰਜਿਸਟਰਡ ਡਾਕ ਰਾਹੀ 02 ਦਿਨਾਂ ਦੇ ਅੰਦਰ-2 ਇਸ ਦਫ਼ਤਰ ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ ਫੇਸ 7 ਵਿਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬਿਲਡਿੰਗ) ਕਮਰਾ ਨੰ: 115, 7 ਵੀ ਮੰਜਿਲ, ਈ-ਬਲਾਕ ਐਸ.ਏ.ਐਸ.ਨਗਰ ਮੋਹਾਲੀ ਵਿਖੇ ਜਮ੍ਹਾਂ ਕਰਵਾਈ ਜਾਵੇ।

1 ਸਾਲ 2014-15 ਦੌਰਾਨ ਉਕਤ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਕਿੰਨੇ ਵਿਦਿਆਰਥੀਆਂ ਨੇ ਦਾਖਲਾ ਲਿਆ ਸੀ ਅਤੇ ਕੀ ਇਨ੍ਹਾਂ ਵਿਦਿਆਰਥੀਆਂ ਪਾਸੋ ਫੀਸਾਂ ਲਈਆਂ ਗਈਆਂ ਹਨ ਜਾਂ ਨਹੀ ?

2 ਜੇਕਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਪਾਸੋ ਫੀਸਾਂ ਲਈਆਂ ਸਨ ਤਾਂ ਕੀ ਭਲਾਈ ਵਿਭਾਗ ਵੱਲੋ ਸਾਲ 2014-15 ਦੌਰਾਨ ਪ੍ਰਾਪਤ ਰਾਸ਼ੀ ਸਬੰਧਤ ਵਿਦਿਆਰਥੀਆਂ ਨੂੰ ਵਾਪਿਸ ਕਰ ਦਿੱਤੀ ਗਈ ਹੈ ?

3 ਸੰਸਥਾ ਦੇ ਅਪਲਾਈ ਕੀਤੇ ਕੁੱਲ ਵਿਦਿਆਰਥੀਆਂ ਵਿੱਚੋ ਕਿੰਨੇ ਵਿਦਿਆਰਥੀ ਪੜਾਈ ਛੱਡ ਗਏ, ਉਨ੍ਹਾਂ ਲੈਫਟ/ਡਰਾਪ ਆਊਟ ਵਿਦਿਆਰਥੀਆਂ ਦੀ ਗਿਣਤੀ, ਸਮੇਤ ਵਿਦਿਆਰਥੀਆਂ ਦਾ ਨਾਮ/ਪਿਤਾ ਦਾ ਨਾਮ ਅਤੇ ਆਈ.ਡੀ ਨੰਬਰ ਆਦਿ।

4 ਅਨੁਸੂਚਿਤ ਜਾਤੀਆਂ ਦੇ ਇਸ ਸਕੀਮ ਅਧੀਨ ਲਾਭ ਲੈਣ ਵਾਲੇ ਯੋਗ ਵਿਦਿਆਰਥੀਆਂ ਦਾ ਪੇਪਰਾਂ ਵਿੱਚ ਬੈਠਨ ਦਾ ਸਬੂਤ (ਗਜ਼ਟ ਦੀ ਕਾਪੀ)

5 ਜਿਨ੍ਹੇ ਵਿਦਿਆਰਥੀਆਂ ਦਾ ਕਲੇਮ ਪ੍ਰਾਪਤ ਕੀਤਾ ਗਿਆ ਹੈ/ਕੀਤਾ ਜਾ ਰਿਹਾ ਹੈ, ਸਬੰਧੀ ਸਰਟੀਫਿਕੇਟ ਕਿ ਇਹ ਵਿਦਿਆਰਥੀ ਸਾਲ 2014-15 ਦੌਰਾਨ, ਸੰਸਥਾ ਵਿੱਚ ਰੈਗੂਲਰ ਹਾਜ਼ਰ ਰਹੇ ਹਨ।

ਕਈ ਕਾਲਜਾ/ਸੰਸਥਾਵਾਂ ਵੱਲੋ ਮੰਗੀ ਸੂਚਨਾਂ ਦੇ ਪੰਜ ਨੁਕਤੇ ਤਾਂ ਪੂਰੇ ਕਰ ਦਿੱਤੇ ਜਾਂਦੇ ਹਨ ਪਰ ਉਹਨਾਂ ਦੇ ਨਕਤੇ ਉਕਤ ਵਿੱਚ ਪੁਛੇ ਸਵਾਲ ਦਾ ਜਵਾਬ ਨਹੀ ਹਨ ਜਿਸ ਕਾਰਨ ਦਫ਼ਤਰ ਨੂੰ ਬੜੀ ਮੁਸ਼ਕਲ ਪੇਸ਼ ਆਉਦੀ ਹੈ, ਲਿਖਿਆ ਜਾਂਦਾ ਹੈ, ਕਿ ਲੱੜੀ ਨੰ: ਵਾਇਜ਼ ਜਵਾਬ ਤਿਆਰ ਕੀਤਾ ਜਾਵੇ, ਜੇਕਰ ਕੋਈ ਗੱਲ ਬਾਰੇ ਧਿਆਨ ਦਿਵਾਉਣਾ ਚਾਹੁੰਦੇ ਹੋਣ ਤਾਂ ਉਸ ਤੋ ਅੱਗੇ ਲਿਖ ਸਕਦੇ ਹੋ। ਜੇਕਰ ਕਿਸੇ ਕਾਲਜਾਂ/ਸਕੂਲਾਂ ਨੇ ਅਜਿਹਾ ਕੀਤਾ ਹੈ ਭਾਵ ਆਪਣੀ ਸੂਚਨਾ ਉਕਤ ਅਨੁਸਾਰ ਨਹੀ ਦਿੱਤੀ ਉਹ ਆਪਣੀ ਸੂਚਨਾਂ ਮੁੜ ਤਿਆਰ ਕਰਕੇ ਜਮ੍ਹਾਂ ਕਰਵਾਉਣ। ਜਿਨ੍ਹਾ ਕਾਲਜਾ/ਸਕੂਲਾਂ ਵੱਲੋ ਸੂਚਨਾ ਭਲਾਈ ਵਿਭਾਗ ਨੂੰ ਦਿੱਤੀ ਗਈ ਹੈ, ਉਹ ਮੰਗੀ ਸੂਚਨਾਂ ਦੀ ਕਾਪੀ ਦੁਬਾਰਾ ਤਿਆਰ ਕਰਕੇ ਇਸ ਦਫ਼ਤਰ (ਉਕਤ ਦਰਸਾਏ ਪੱਤੇ ਤੇ) ਵਿਖੇ ਜਮ੍ਹਾਂ ਕਰਵਾਉਣ।

ਜੇਕਰ ਕਿਸੇ ਕਾਲਜ/ਸਕੂਲ ਵੱਲੋ ਸੂਚਨਾਂ ਨਹੀ ਦਿੱਤੀ ਜਾਂਦੀ **ਭਵਿੱਖਕਾਲ ਵਿੱਚ ਕਿਸੇ ਕਾਲਜ ਦੇ ਸਿਖਿਆਰਥੀ ਨੂੰ ਸਕਾਲਰਸ਼ਿਪ ਦਾ ਲਾਭ ਭਲਾਈ ਵਿਭਾਗ ਜੀ ਵੱਲੋ ਨਹੀ ਦਿੱਤਾ ਜਾਂਦਾ ਤਾਂ ਸਬੰਧੀ ਇਸ ਦਫ਼ਤਰ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ।**

ਸੁਪਰਡੈਂਟ

**(ਸਾਰਾ ਪੱਤਰ ਧਿਆਨ ਨਾਲ ਪੜਿਆ ਜਾਵੇ)**

ਜਿਹਨਾ ਕਾਲਜਾ ਵੱਲੋਂ ਉਕਤ ਦਰਸਾਏ ਮੁਤਾਬਿਕ ਅਨੁਸਾਰ ਸੂਚਨਾ ਦਿੱਤੀ ਗਈ ਹੈ। ਉਹਨਾਂ ਕਾਲਜਾ ਵੱਲੋਂ ਸੂਚਨਾ ਨਾ ਭੇਜੀ ਜਾਵੇ।